## ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਪੰਜਾਬ।
ਮੀਮੋ ਨੰ:- 1103728
ਮਿਤੀ,ਐਸ.ਏ.ਐਸ ਨਗਰ:-

**ਵਿਸ਼ਾ:-** **ਜ਼ਿਲ੍ਹੇ ਦੇ ਅੰਦਰ ਮਿਡਲ ਸਕੂਲ ਦੇ ਅਧਿਆਪਕਾਂ ਦੇ ਆਰਜ਼ੀ ਪ੍ਰਬੰਧ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵੱਖ-2 ਕਾਰਨਾਂ ਕਰਕੇ ਵੱਧਦੀ-ਘੱਟਦੀ ਰਹਿੰਦੀ ਹੈ, ਜਿਸ ਕਰਕੇ ਅਧਿਆਪਕਾਂ ਦੀ ਤੈਨਾਤੀ ਵਿੱਚ ਅਸਮਾਨਤਾ ਆ ਜਾਂਦੀ ਹੈ।

2.0 ਯੂਡਾਈਸ ਅਤੇ ਈ-ਪੰਜਾਬ ਡਾਟਾ ਘੋਖਣ ਤੇ ਪਾਇਆ ਗਿਆ ਕਿ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਕੁੱਝ ਸਕੂਲਾਂ ਵਿੱਚ ਅਧਿਆਪਕਾਂ ਦੀ ਗਿਣਤੀ ਤੁਲਨਾਤਮਕ ਤੌਰ ਤੇ ਵੱਧ ਜਾਂ ਘੱਟ ਹੈ। ਇਸ ਅਸਾਮਨਤਾ ਨੂੰ ਦੂਰ ਕਰਨ ਲਈ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਆਰਜ਼ੀ ਪ੍ਰਬੰਧ ਲਗਾਉਣ ਦੇ ਅਧਿਕਾਰ ਨਿਮਨਲਿਖਤ ਸ਼ਰਤਾਂ ਤੇ ਦਿੱਤੇ ਜਾਂਦੇ ਹਨ:-

**(ੳ) ਤੈਨਾਤੀ ਦਾ ਸਮਾਂ/ ਮਿਆਦ:-**

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਧਿਆਪਕਾਂ ਦੇ ਆਰਜ਼ੀ ਪ੍ਰਬੰਧ ਵਿਦਿਅਕ ਵਰ੍ਹੇ ਲਈ ਕਰਨਗੇ (ਇਸ ਤੋਂ ਇਲਾਵਾ ਰਹਿੰਦੇ ਵਿੱਦਿਅਕ ਵਰ੍ਹੇ ਲਈ ਵੀ ਆਰਜ਼ੀ ਪ੍ਰਬੰਧ ਇਸੇ ਤਰਜ ਤੇ ਹੀ ਕੀਤੇ ਜਾਣਗੇ)।

**(ਅ) ਰੀਵਿਊ:-**

ਅਧਿਆਪਕਾਂ ਦੀ ਤੈਨਾਤੀ ਦੀ ਸਥਿਤੀ, ਬਦਲੀ/ਰਿਟਾਇਰਮੈਂਟ/ਪ੍ਰਮੋਸ਼ਨ ਜਾਂ ਹੋਰ ਕਾਰਨਾਂ ਕਰਕੇ ਬਦਲਦੀ ਰਹਿੰਦੀ ਹੈ, ਇਸ ਲਈ ਲਗਾਏ ਗਏ ਆਰਜ਼ੀ ਪ੍ਰਬੰਧਾਂ ਦਾ ਰੀਵਿਊ ਹਰੇਕ ਤਿਮਾਹੀ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਕਰਨਗੇ ਅਤੇ ਇਸਦਾ ਸਰਟੀਫਿਕੇਟ (ਕਾਪੀ ਨੱਥੀ) ਹਰੇਕ ਤਿਮਾਹੀ ਮੁੱਖ ਦਫਤਰ ਵਿਖੇ ਭੇਜਣਾ ਯਕੀਨੀ ਬਨਾਉਣਗੇ।

**(ੲ) ਆਰਜ਼ੀ ਪ੍ਰਬੰਧ ਕਰਨ ਸਮੇਂ ਸਕੂਲ (ਜਿੱਥੇ ਆਰਜ਼ੀ ਪ੍ਰਬੰਧ ਕੀਤਾ ਜਾਣਾ ਹੈ) ਦੀ ਚੋਣ ਕਰਨ ਦਾ ਢੰਗ:-**

ਸਬੰਧਤ ਜ਼ਿਲ੍ਹੇ ਦੇ ਅਧੀਨ ਆਉਂਦੇ ਦੂਰ ਦੁਰਾਡੇ, ਪੇਂਡੂ ਏਰੀਆ ਅਤੇ ਪੱਛੜੇ ਇਲਾਕਿਆਂ ਦੇ ਮਿਡਲ ਸਕੂਲਾਂ ਵਿੱਚ, ਜਿੱਥੇ ਅਧਿਆਪਕਾਂ ਦੀ Pupil Teacher Ratio ਦੇ ਸਨਮੁੱਖ ਘਾਟ ਹੈ, ਉੱਥੇ ਅਧਿਆਪਕਾਂ ਨੂੰ ਆਰਜ਼ੀ ਤੌਰ ਤੇ ਤੈਨਾਤ ਕਰਨ ਲਈ ਤਰਜੀਹ ਦਿੱਤੀ ਜਾਵੇਗੀ।

## (ਸ) ਅਧਿਆਪਕਾਂ ਦਾ ਆਰਜ਼ੀ ਪ੍ਰਬੰਧ ਕਰਨ ਸਬੰਧੀ ਮਾਪਦੰਡ/ ਢੰਗ:-

ਅਧਿਆਪਕਾਂ ਦਾ ਆਰਜ਼ੀ ਪ੍ਰਬੰਧ ਹੇਠ ਦਰਸਾਈ ਵਿਦਿਆਰਥੀਆਂ ਦੀ ਗਿਣਤੀ ਅਤੇ ਅਧਿਆਪਕਾਂ ਦੀ ਜਰੂਰਤ ਨੂੰ ਮੁੱਖ ਰੱਖਦੇ ਹੋਏ ਲਗਾਇਆ ਜਾਵੇ:-

| ਲੜੀ ਨੰ. | ਵਿਦਿਆਰਥੀਆਂ ਦੀ ਗਿਣਤੀ | ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਅਧਿਆਪਕਾਂ ਦੀ ਜਰੂਰਤ |
|---|---|---|
| 1 | 1-30 | 2 |
| 2 | 31-60* | 3 |
| 3 | 61-90 | 4 |
| 4 | 91-120 | 5 |
| 5 | 121-150 | 6 |
| 6 | 151-200 | 7 |
| 7 | 201-250 | 8 |
| 8 | 251-300 | 9 |
| 9 | 301-350 | 10 |
| 10 | 351-400 | 11 |
| 11 | 401-450 | 12 |
| ਨੋਟ | 450 ਤੋਂ ਵੱਧ ਗਿਣਤੀ ਵਾਲੇ ਸਕੂਲਾਂ ਵਿੱਚ ਜਰੂਰਤ ਅਨੁਸਾਰ 50 ਵਿਦਿਆਰਥੀਆਂ ਪਿੱਛੇ ਇੱਕ ਅਧਿਆਪਕ ਦਾ ਆਰਜ਼ੀ ਪ੍ਰਬੰਧ ਲਗਾਗਿਆ ਜਾ ਸਕਦਾ ਹੈ। | |
| * | ਸਬੰਧਤ ਬਲਾਕ ਨੋਡਲ ਅਫਸਰ ਕਲਸਟਰ ਮੁੱਖੀ/ਡੀ.ਡੀ.ਓ. ਦੀ ਸਲਾਹ ਨਾਲ ਸਬੰਧਤ ਵਿਸ਼ੇ (ਅੰਗਰੇਜ਼ੀ, ਮੈਥ, ਅਤੇ ਸਾਇੰਸ) ਦੇ ਅਧਿਆਪਕ ਦਾ ਹਫਤੇ ਦੇ ਦੋ ਦਿਨ ਲਈ ਜ਼ਰੂਰਤ ਅਨੁਸਾਰ ਆਰਜ਼ੀ ਪ੍ਰਬੰਧ ਕਰੇਗਾ। | |

(i) ਟੀਚਰ ਟਰਾਂਸਫਰ ਪਾਲਿਸੀ 2019 ਅਤੇ ਇਸ ਵਿੱਚ ਸਮੇਂ-2 ਤੇ ਕੀਤੀਆਂ ਗਈਆਂ ਸੋਧਾਂ ਅਨੁਸਾਰ Exempted Category ਵਿੱਚ ਕਵਰ ਹੋਣ ਵਾਲੇ ਅਧਿਆਪਕਾਂ ਅਤੇ ਜਿਨ੍ਹਾਂ ਅਧਿਆਪਕਾਂ ਦੀ ਸੇਵਾ ਨਵਿਰਤੀ ਵਿੱਚ ਇੱਕ ਸਾਲ ਜਾਂ ਉਸ ਤੋਂ ਘੱਟ ਸਮਾਂ ਰਹਿੰਦਾ ਹੈ, ਦਾ ਆਰਜ਼ੀ ਪ੍ਰਬੰਧ ਉਨਾਂ ਦੀ ਸਹਿਮਤੀ ਦੀ ਸੂਰਤ ਵਿੱਚ ਹੀ ਲਗਾਇਆ ਜਾਵੇ।

(ii) ਜਿਸ ਸਕੂਲ ਵਿੱਚੋਂ ਅਧਿਆਪਕ ਦਾ ਆਰਜ਼ੀ ਪ੍ਰਬੰਧ ਲਗਾਇਆ ਜਾਣਾ ਹੈ, ਉਸ ਸਕੂਲ ਵਿਚੋਂ ਸੀਨੀਅਰ ਅਧਿਆਪਕ (ਸਕੂਲ ਵਿੱਚ ਠਹਿਰ ਮੁਤਾਬਿਕ) ਜਾਂ ਇੱਛੁਕ ਅਧਿਆਪਕ ਦੀ ਸਹਿਮਤੀ ਅਨੁਸਾਰ ਆਰਜ਼ੀ ਪ੍ਰਬੰਧ ਲਗਾਇਆ ਜਾ ਸਕਦਾ ਹੈ। ਇੱਛੁਕ ਅਧਿਆਪਕਾਂ ਨੂੰ ਆਰਜ਼ੀ ਤੌਰ ਤੇ ਤਾਇਨਾਤ ਕਰਨ ਲਈ ਤਰਜੀਹ ਦਿੱਤੀ ਜਾਵੇ।

(iii) ਆਰਜ਼ੀ ਪ੍ਰਬੰਧ ਲਗਾਉਣ ਸਮੇਂ ਅਧਿਆਪਕ ਦੇ ਵਿਸ਼ੇ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ, ਭਾਵ ਸ.ਸ/ਅੰਗਰੇਜ਼ੀ, ਸਾਇੰਸ/ਮੈਥ, ਹਿੰਦੀ/ਪੰਜਾਬੀ ਦੇ ਦੋ ਅਧਿਆਪਕ ਆਰਜ਼ੀ ਪ੍ਰਬੰਧ ਲਗਾਉਣ ਉਪਰੰਤ ਸਕੂਲ ਵਿੱਚ ਤੈਨਾਤ ਨਾ ਹੋਣ।

(iv) ਅਧਿਆਪਕਾਂ ਦਾ ਆਰਜ਼ੀ ਪ੍ਰਬੰਧ ਪੰਨਾ ਨੰਬਰ 2 ਤੇ ਦਰਜ ਟੇਬਲ ਮੁਤਾਬਿਕ ਹੇਠ ਦਰਸਾਏ ਕ੍ਰਮ ਅਨੁਸਾਰ ਲਗਾਇਆ ਜਾਵੇ:-

ੳ) ਸਬੰਧਤ ਕਲਸਟਰ ਸਕੂਲ ਅਧੀਨ ਵਾਧੂ ਅਧਿਆਪਕਾਂ ਵਾਲੇ ਸਕੂਲ ਵਿੱਚੋਂ ਅਧਿਆਪਕਾਂ ਦੀ ਘਾਟ ਵਾਲੇ ਸਕੂਲਾਂ ਵਿੱਚ ਆਰਜ਼ੀ ਪ੍ਰਬੰਧ ਲਗਾਇਆ ਜਾ ਸਕਦਾ ਹੈ।

ਅ) ਸਬੰਧਤ ਵਿਦਿਅਕ ਬਲਾਕ ਪੱਧਰ ਦੇ ਅਧੀਨ ਵਾਧੂ ਅਧਿਆਪਕਾਂ ਵਾਲੇ ਸਕੂਲਾਂ ਵਿੱਚੋਂ ਅਧਿਆਪਕਾਂ ਦੀ ਘਾਟ ਵਾਲੇ ਸਕੂਲਾਂ ਵਿੱਚ ਆਰਜ਼ੀ ਪ੍ਰਬੰਧ ਲਗਾਇਆ ਜਾ ਸਕਦਾ ਹੈ।

ੲ) ਸਬੰਧਤ ਵਿਦਿਅਕ ਬਲਾਕ ਪੱਧਰ ਦੇ ਅਧੀਨ ਵਾਧੂ ਅਧਿਆਪਕਾਂ ਵਾਲੇ ਸਕੂਲਾਂ ਵਿਚੋਂ ਅਧਿਆਪਕਾਂ ਦੀ ਘਾਟ ਵਾਲੇ ਨਾਲ ਲੱਗਦੇ ਬਲਾਕ ਦੇ ਸਕੂਲਾਂ ਵਿੱਚ ਆਰਜ਼ੀ ਪ੍ਰਬੰਧ ਲਗਾਇਆ ਜਾ ਸਕਦਾ ਹੈ।

ਸ) ਇਸ ਉਪਰੰਤ ਜੇਕਰ ਉਕਤ ਲੜੀ ਨੰ: ੳ), ਅ)ਅਤੇ ੲ) ਵਿੱਚੋਂ ਕੋਈ ਵੀ ਉਪਲੱਬਧਤਾ ਨਹੀਂ ਹੈ ਤਾਂ ਜ਼ਿਲ੍ਹਾ ਪੱਧਰ ਤੇ ਵਾਧੂ ਅਧਿਆਪਕਾਂ ਵਾਲੇ ਸਕੂਲਾਂ ਵਿੱਚੋਂ ਘਾਟ ਵਾਲੇ ਸਕੂਲਾ ਵਿੱਚ ਲੋੜ ਅਨੁਸਾਰ ਆਰਜ਼ੀ ਪ੍ਰਬੰਧ ਲਗਾਇਆ ਜਾ ਸਕਦਾ ਹੈ।

3.0 ਉਕਤ ਅਨੁਸਾਰ ਇਹ ਵੀ ਧਿਆਨ ਵਿੱਚ ਰੱਖਿਆ ਜਾਵੇ ਕਿ ਅਧਿਆਪਕਾਂ ਦਾ ਆਰਜ਼ੀ ਪ੍ਰਬੰਧ ਜਿਸ ਸਕੂਲ ਵਿੱਚ ਲਗਾਇਆ ਜਾਣਾ ਹੈ, ਉਸਦੀ ਦੂਰੀ ਪਿਤਰੀ ਸਕੂਲ ਤੋਂ ਘੱਟ ਤੋਂ ਘੱਟ ਹੋਵੇ।

4.0 ਅਸਾਧਾਰਨ ਹਾਲਾਤਾਂ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ 15 ਦਿਨ ਦੀ ਆਰਜ਼ੀ ਡਿਊਟੀ ਲਗਾਉਣ ਦੇ ਅਧਿਕਾਰ ਦਿੱਤੇ ਜਾਂਦੇ ਹਨ। ਅਜਿਹੇ ਹਾਲਾਤਾਂ ਵਿੱਚ ਉਪਰੋਕਤ ਸ਼ਰਤਾਂ ਨੂੰ ਨਜਰ ਅੰਦਾਜ ਕੀਤਾ ਜਾ ਸਕਦਾ ਹੈ।

ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

**ਕੇਸ਼ਵ ਗੋਇਲ, ਪੀ.ਸੀ.ਐਸ.**

**ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ**

ਪਿੱਠ ਅੰਕਣ ਨੰ. ਉਕਤ/202696171 ਮਿਤੀ 10-04-2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀਏ ਟੂ ਸਕੱਤਰ ਸਕੂਲ, ਪੰਜਾਬ।
2. ਪੀਏ ਟੂ ਐਡੀਸ਼ਨਲ, ਸਕੱਤਰ ਸਕੂਲ ਸਿੱਖਿਆ ਪੰਜਾਬ।
3. ਪੀਏ ਟੂ ਡਾਇਰੈਕਟਰ ਸਕੂਲ ਸਿੱਖਿਆ, ਪੰਜਾਬ।

10/4/26

**ਸਹਾਇਕ ਡਾਇਰੈਕਟਰ (ਸੈਸਿ)**